# ਦਫਤਰ ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ

## ਦਫਤਰੀ ਹੁਕਮ

ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਮੁੱਖ ਮੰਤਰੀ ਸਿਹਤ ਬੀਮਾ ਯੋਜਨਾਂ (MMSY) ਤਹਿਤ ਪੰਜਾਬ ਸਰਕਾਰ ਵੱਲੋਂ ਪੰਜਾਬ ਵਾਸੀਆਂ ਦੇ 10 ਲੱਖ ਰੁਪਏ ਤੱਕ ਦੇ ਕੈਸ਼ਲੈਸ ਇਲਾਜ ਲਈ ਪੰਜਾਬ ਦੇ ਵਸਨੀਕਾਂ ਦਾ ਰਜਿਸਟਰੇਸ਼ਨ ਕੀਤਾ ਜਾਣਾ ਹੈ। ਇਸ ਸਬੰਧੀ ਜਾਰੀ ਗਾਈਡਲਾਈਨਜ਼ ਅਨੁਸਾਰ ਸਬ ਡਵੀਜਨ ਤਲਵੰਡੀ ਵਿੱਚ ਰੋਜਾਨਾਂ ਸਵੇਰੇ 09:00 ਵਜੇ ਤੋਂ ਸ਼ਾਮ 05:00 ਵਜੇ ਤੱਕ ਕੈਂਪ ਲਗਾ ਕੇ ਪਬਲਿਕ ਦਾ ਰਜਿਸਟਰੇਸ਼ਨ ਕੀਤਾ ਜਾਣਾ ਹੈ। ਇਸ ਸਬੰਧੀ ਨਾਲ ਨੱਥੀ ਸ਼ਡਿਊਲ ਅਨੁਸਾਰ ਕੈਂਪ ਲਗਾਏ ਜਾਣੇ ਹਨ। ਕੈਂਪ ਦੇ ਸਮੁੱਚੇ ਕੰਮ ਨੂੰ ਸਹੀ ਅਤੇ ਯੋਜਨਾਬੱਧ ਤਰੀਕੇ ਨਾਲ ਕਰਨ ਲਈ ਨਿਮਨ ਦਰਜ਼ ਨੁਕਤਿਆਂ ਅਨੁਸਾਰ ਸਬੰਧਤਾਂ ਦੀਆਂ ਡਿਊਟੀਆਂ ਲਗਾਈਆਂ ਜਾਂਦੀਆਂ ਹਨ:

1. ਮੁੱਖ ਮੰਤਰੀ ਸਿਹਤ ਬੀਮਾ ਯੋਜਨਾਂ (MMSY) ਤਹਿਤ ਲਗਾਏ ਜਾਣ ਵਾਲੇ ਕੈਂਪਾਂ ਦੇ ਇੰਚਾਰਜ਼ ਸੀਨੀਅਰ ਮੈਡੀਕਲ ਅਫਸਰ ਤਲਵੰਡੀ ਸਾਬੋ ਹੋਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ:

ੳ. ਸਾਰੇ ਕੈਂਪਾਂ ਦੀ ਫਿਜੀਕਲ ਤੌਰ ਵਿਜਟ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਕੈਂਪਾਂ ਦਾ ਕੰਮ ਯੋਜਨਾਬੱਧ ਤਰੀਕੇ ਨਾਲ ਚੱਲਦੇ ਹੋਣ।

ਅ. ਕੈਂਪਾਂ ਵਿੱਚ ਹੋਣ ਵਾਲੀ ਰਜਿਸਟਰੇਸ਼ਨ ਸਬੰਧੀ ਸਬ ਡਵੀਜਨ ਤਲਵੰਡੀ ਸਾਬੋ ਦੀ ਸੰਕਲਿਤ ਰਿਪੋਰਟ ਰੋਜਾਨਾ5:00 ਵਜੇ ਸ਼ਾਮ ਨੂੰ ਨਿਮਨ-ਹਸਤਾਖਰ ਪਾਸ ਭੇਜਣਗੇ।

ੲ. ਸਿਹਤ ਵਿਭਾਗ ਦੇ ਫੀਲਡ ਸਟਾਫ ਰਾਹੀਂ ਪਿੰਡਾਂ/ਸ਼ਹਿਰਾਂ ਵਿੱਚ ਕੈਂਪ ਸਬੰਧੀ ਆਮ ਜਨਤਾ ਨੂੰ ਜਾਗਰੂਕ ਕਰਨਗੇ।

ਸ. ਕੈਂਪ ਨਾਲ ਸਬੰਧਤ ਕਰਮਚਾਰੀਆਂ ਨਾਲ ਅਗਾਊਂ ਤਾਲਮੇਲ ਕਰੇਗਾ ਤਾਂ ਜ਼ੋ ਕੈਂਪ ਦੌਰਾਨ ਆਮ ਜਨਤਾ ਨੂੰ ਕੋਈ ਪ੍ਰੇਸ਼ਾਨੀ ਨਾਂ ਆਵੇ।

2. ਬਲਾਕ ਵਿਕਾਸ ਅਤੇ ਪੰਚਾਇਤ ਅਫਸਰ,ਤਲਵੰਡੀ ਸਾਬੋ ਬਤੌਰ ਪ੍ਰਬੰਧਕ ਸਬ ਡਵੀਜਨ ਤਲਵੰਡੀ ਸਾਬੋ ਵਿੱਚ ਰੋਜਾਨਾ ਲੱਗਣ ਵਾਲੇ ਕੈਂਪਾਂ ਦੀ ਨਿਗਰਾਨੀ ਕਰਨਗੇ ਅਤੇ ਯਕੀਨੀ ਬਣਾਉਣਗੇ:

ੳ. ਪਿੰਡਾਂ ਵਿੱਚ ਹੋਣ ਵਾਲੀ ਮੁਸ਼ਤਰੀ ਮੁਨਾਦੀ ਸਬੰਧੀ ਲਿਖਤੀ ਰਿਪੋਰਟਾਂ ਆਪਣੇ ਫੀਲਡ ਸਟਾਫ ਰਾਹੀਂ ਪ੍ਰਾਪਤ ਕਰਕੇ ਆਪਣੇ ਰਿਕਾਰਡ ਵਿੱਚ ਰੱਖਣਗੇ।

ਅ. ਕੈਂਪਾ ਪਰ ਹੋਣ ਵਾਲੇ ਖਰਚ ਸਬੰਧੀ ਮੁਕੰਮਲ ਰਿਕਾਡਰ ਰੱਖਣਗੇ ਤਾਂ ਜ਼ੋ ਆਡਿਟ ਕਰਵਾਉਣ ਸਮੇਂ ਕੋਈ ਮੁਸ਼ਕਿਲ ਪੇਸ਼ ਨਾਂ ਆਵੇ।

ੲ. ਕੈਂਪ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਮੁੱਚੀਆਂ ਲੋੜੀਦੀਆਂ ਸਹੂਲਤਾਂ ਜਿਵੇਂ ਕਿ ਫਰਨੀਚਰ, ਇੰਟਰਨੈਟ, ਕੰਪਿਊਟਰ/ਲੈਪਟਾਪ, ਸਟੇਸ਼ਨਰੀ, ਨਿਰੰਤਰ ਬਿਜਲੀ ਸਪਲਾਈ, ਪੀਣ ਵਾਲੇ ਪਾਣੀ ਅਦਿ ਦਾ ਪ੍ਰਬੰਧ ਕਰੇਗਾ।

ਸ. ਕੈਂਪ ਪਰ ਆਉਣ ਵਾਲੇ ਖਰਚ ਸਬੰਧੀ ਵਿੱਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਖਰਚ ਕਰੇਗਾ ਅਤੇ ਇਸਦਾ ਰਿਕਾਰਡ ਰੱਖੇਗਾ।

3. ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਤਲਵੰਡੀ ਸਾਬੋ ਯਕੀਨੀ ਬਣਾਉਣਗੇ ਕਿ ਜ਼ੋ ਕੈਂਪ ਸੁਸਾਇਟੀਆਂ ਵਿੱਚ ਲਗਾਏ ਜਾ ਰਹੇ ਹਨ, ਉਨ੍ਹਾਂ ਦੇ ਕਰਮਚਾਰੀਆਂ ਨੂੰ ਹਦਾਇਤ ਕਰਨਗੇ ਕਿ ਉਹ ਸਬੰਧਤ ਸੁਸਾਇਟੀ ਦੇ ਕੈਂਪ ਲਈ ਪੂਰਨ ਸਹਿਯੋਗ ਕਰਨਗੇ ਅਤੇ ਕੰਪਿਊਟਰ ਸੈਂਟ, ਮੇਜ਼-ਕੁਰਸੀਆਂ, ਇੰਟਰਨੈਟ ਬਿਜਲੀ ਸਪਲਾਈ ਮੁਹੱਈਆ ਕਰਵਾਉਣਗੇ।

4. ਜਿਲ੍ਹਾ ਸਿੱਖਿਆ ਅਫਸਰ (ਸੀ:ਸੈ) ਬਠਿੰਡਾ ਸ਼ਡਿਊਲ ਵਿੱਚ ਦਰਜ ਕੰਪਿਊਟਰ ਅਧਿਆਪਕਾਂ ਨੂੰ ਉਨ੍ਹਾਂ ਦੀ ਡਿਊਟੀ ਪ੍ਰਤੀ ਜਾਣੂ ਕਰਵਾਉਣਗੇ ਅਤੇ ਯਕੀਨੀ ਬਣਾਉਣਗੇ ਕਿ ਉਹ ਸਮੇਂ ਸਿਰ ਕੈਂਪ ਦੇ ਸਥਾਨ ਤੇ ਪਹੁੰਚਣ।ਇਸਤੋਂ ਇਲਾਵਾ ਕੈਂਪਾਂ ਦੇ ਸਮੇਂ ਦੌਰਾਨ ਸਬੰਧਤ ਕਰਮਚਾਰੀਆਂ ਦੀ ਵਿਭਾਗੀ ਕੰਮ ਤੋਂ ਫਾਰਗ ਕਰਨਗੇ।

5. ਕਾਰਜ ਸਾਧਕ ਅਫਸਰ ਨਗਰ ਕੌਂਸਲ ਤਲਵੰਡੀ ਸਾਬੋ/ਰਾਮਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸ਼ਹਿਰੀ ਖੇਤਰ ਤਲਵੰਡੀ ਸਾਬੋ/ਰਾਮਾਂ ਵਿੱਚ ਲਗਾਏ ਜਾਣ ਵਾਲੇ ਕੈਂਪਾਂ ਵਿੱਚ ਸਮੁੱਚੀਆਂ ਲੋੜੀਦੀਆਂ ਸਹੂਲਤਾਂ ਜਿਵੇਂ ਕਿ ਫਰਨੀਚਰ, ਇੰਟਰਨੈਟ, ਕੰਪਿਊਟਰ/ਲੈਪਟਾਪ,ਸਟੇਸ਼ਨਰੀ,ਨਿਰੰਤਰ ਬਿਜਲੀ ਸਪਲਾਈ, ਪੀਣ ਵਾਲੇ ਪਾਣੀ ਅਦਿ ਦਾ ਪ੍ਰਬੰਧ ਕਰਨਗੇ।

6. ਇੰਚਾਰਜ਼ ਸੇਵਾ ਕੇਂਦਰ ਸਬ ਡਵੀਜਨ ਤਲਵੰਡੀ ਸਾਬੋ (94174 71972) ਨਾਲ ਨੱਥੀ ਸ਼ਡਿਊਲ ਅਨੁਸਾਰ ਸੇਵਾ ਕੇਂਦਰ ਕਰਮਚਾਰੀਆਂ ਦੀਆਂ ਡਿਊਟੀਆਂ ਲਗਾਉਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਕੈਂਪ ਦੌਰਾਨ ਕੋਈ ਤਕਨੀਕੀ ਰੁਕਾਵਟ ਨਾਂ ਆਵੇ।ਇਸਤੋਂ ਇਲਾਵਾ ਸਬੰਧਤ ਕਰਮਚਾਰੀਆਂ ਨੂੰ ਟ੍ਰੇਨਿੰਗ ਦੇਣਾ ਯਕੀਨੀ ਬਣਾਉਣਗੇ।

ਕੋਈ ਵੀ ਅਧਿਕਾਰੀਆਂ/ਕਰਮਚਾਰੀਆਂ ਛੁੱਟੀ ਪਰ ਨਹੀਂ ਜਾਵੇਗਾ। ਜੇਕਰ ਨਾਂ-ਟਾਲਣਯੋਗ ਹਾਲਾਤਾਂ ਵਿੱਚ ਛੁੱਟੀ ਪਰ ਜਾਣਾ ਪੈਂਦਾ ਹੈ ਤਾਂ ਸਬੰਧਤ ਅਧਿਕਾਰੀ/ਕਰਮਚਾਰੀ ਨਿਮਨ-ਹਸਤਾਖਰ ਦੀ ਪ੍ਰਵਾਨਗੀ ਉਪਰੰਤ ਅਤੇ ਆਪਣਾ ਵਿਕਲਪ ਦੇਣ ਉਪਰੰਤ ਹੀ ਛੁੱਟੀ ਪਰ ਜਾਵੇਗਾ। ਕਿਸੇ ਵੀ ਕਿਸਮ ਦੀ ਅਣਗਹਿਲੀ ਨਾਂ ਵਰਤੀ ਜਾਵੇ।

ਨੱਥੀ: ਸ਼ਡਿਊਲ

ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ।
ਮਿਤੀ 02.02.2026

ਪਿਠ:ਅੰ:ਨੰ: 18-23 /ਵਿਕਾਸ(ਸਪੈਸ਼ਲ)

ਇਸਦਾ ਇੱਕ ਉਤਾਰਾ:

1. ਡਿਪਟੀ ਕਮਿਸ਼ਨਰ, ਬਠਿੰਡਾ ਜੀ ਪਾਸ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਉਪ ਕਪਤਾਨ ਪੁਲਿਸ ਤਲਵੰਡੀ ਸਾਬੋ ਪਾਸ ਸੂਚਨਾਂ ਅਤੇ ਅਗਲੇਰੀ ਲੋੜੀਦੀ ਕਾਰਵਾਈ ਹਿੱਤ।
3. ਬਲਾਕ ਵਿਕਾਸ ਤੇ ਪੰਚਾਇਤ ਅਫਸਰ ਤਲਵੰਡੀ ਸਾਬੋ ਪਾਸ ਹੁਕਮਾਂ ਦੀ ਪਾਲਣਾ ਹਿੱਤ।
4. ਸੀਨੀਅਰ ਮੈਡੀਕਲ ਅਫਸਰ, ਤਲਵੰਡੀ ਸਾਬੋ ਪਾਸ ਪਾਲਣਾ ਹਿੱਤ।
5. ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਤਲਵੰਡੀ ਸਾਬੋ ਪਾਸ ਪਾਲਣਾ ਹਿੱਤ।
6. ਇੰਚਾਰਜ਼ ਸੇਵਾ ਕੇਂਦਰ (94174 71972) ਪਾਸ ਭੇਜ ਕਰ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਸ਼ਡਿਊਲ ਅਨੁਸਾਰ ਸੇਵਾ ਕੇਂਦਰ ਨਾਲ ਸਬੰਧਤ ਕਰਮਚਾਰੀਆਂ ਦੀਆਂ ਡਿਊਟੀਆਂ ਲਗਾ ਕੇ ਇਸ ਦਫਤਰ ਨੂੰ ਸੂਚਿਤ ਕਰਨਗੇ ਸਮੂਹ ਡਾਟਾ ਐਂਟਰੀ ਆਪਰੇਟਰਜ਼ ਨੂੰ ਟ੍ਰੇਨਿੰਗ ਦੇ ਕੇ ਤਸਦੀਕੀ ਸਰਟੀਫਿਕੇਟ ਪੇਸ਼ ਕਰਨਗੇ।

ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ

## MMSY Talwandi Sabo Camp Schedule date 03.02.2026 to 05.02.2026

| | | Panchayat Secretary | | Technical staff to be deployed by SDM | | | | | |
|---|---|---|---|---|---|---|---|---|---|
| Sr.no | Name of Village | Name of the Incharge of camp | mobile number incharge | Computer operator 1 | Mobile number | Computer operator 2 | Mobile number | Venue | Date |
| 1 | Natheha | Dr Ravikant SMO Talwandi Sabo | 9888104045 | Swaranjeet Kaur, CF, GSSS Lehri | 9878423894 | Sarbjeet kaur, CF, GHS Natheha | 9464130707 | Coopreative Society | 3 Feb to 5 feb |
| 2 | Lehri | Dr Ravikant SMO Talwandi Sabo | 9888104045 | Navpreet Singh, CF, GSSS Lehri | 9872423789 | KULWINDER SINGH, CF, GSSS Lehri | 9878544991 | Coopreative Society | 3 Feb to 5 feb |
| 3 | Bhagiwander | Dr Ravikant SMO Talwandi Sabo | 9888104045 | Sunita Rani, CF, GSSS, Bhagiwander | 9464585434 | Anita garg, CF, GSSS, Bhagiwander | 9463023373 | Coopreative Society | 3 Feb to 5 feb |
| 4 | Pakka Kalan | Dr Ravikant SMO Talwandi Sabo | 9888104045 | HARBANS KAUR, CF, GSSS Pakka Kalan | 9417849402 | Kiranpal kaur, CF, GSSS Pakka Kalan | 9501344774 | Coopreative Society | 3 Feb to 5 feb |
| 5 | Phallar | Dr Ravikant SMO Talwandi Sabo | 9888104045 | Jonny Singla, CF, GSSS Sekhu | 8283835098 | Pardeep Kumar, CF,GSSS Sekhu | 8427279500 | Coopreative Society | 3 Feb to 5 feb |
| 6 | Talwandi Sabo | Dr Ravikant SMO Talwandi Sabo | 9888104045 | Amandeep Kaur,CF, GHS Jajjal | 9815130692 | Gurpreet Kaur, CF, GHS Jajjal | 9501045028 | Office of Nagar Council Tawandi Sabo | 3 Feb to 5 feb |

## MMSY Talwandi Sabo Camp Schedule date 06.02.2026 to 08.02.2026

| | | | | | | | | | |
|---|---|---|---|---|---|---|---|---|---|
| 1 | Kalalwala | Dr Ravikant SMO Talwandi Sabo | 9888104045 | Rajinder Singh, CF, GHS Kalawala | 9464352653 | MANDEEP SINGH, CF, GSSS Talwandi Sabo | 8146546430 | Coopreative Society | 6 Feb to 8 Feb. |
| 2 | Sekhu | Dr Ravikant SMO Talwandi Sabo | 9888104045 | Jonny Singla, CF, GSSS Sekhu | 8283835098 | Pardeep Kumar, CF,GSSS Sekhu | 8427279500 | Coopreative Society | 6 Feb to 8 Feb |
| 3 | Mahi Nangal | Dr Ravikant SMO Talwandi Sabo | 9888104045 | HARPINDER KAUR, CF, GSSS Mahi Nangal | 8146151706 | GURMAIL SINGH, CF, GSSS Talwandi Sabo | 9878756460 | Coopreative Society | 6 Feb to 8 Feb |
| 4 | Talwandi Sabo Ward No 13 | Dr Ravikant SMO Talwandi Sabo | 9888104045 | MANDEEP SINGH, CF, GSSS Talwandi Sabo | 8146546430 | GURPREET KAUR, CF, GSSS Talwandi Sabo | 9463691166 | Coopreative Society | 6 Feb to 8 Feb |
| 5 | Talwandi Sabo .Ward No 7 | Dr Ravikant SMO Talwandi Sabo | 9888104045 | Sunita Rani, CF, GSSS, Bhagiwander | 9464585434 | Mandeep Kumar, CF, GSSS kaureana | 9855077770 | Coopreative Society | 6 Feb to 8 Feb |
| 6 | Fatehgarh Nau Abad | Dr Ravikant SMO Talwandi Sabo | 9888104045 | Sukhpal Kaur CF GSSS Jagga Ram Tirth | 94635 62622 | Rupinder Kaur CF GSSS Jagga Ram Tirth | 94175 30718 | Panchyat Ghar | 6 Feb to 8 Feb |

[illegible]

ਉਪ ਮੰਡਲ ਮੈਜਿਸਟਰੇਟ,
ਤਲਵੰਡੀ ਸਾਬੋ